# BUDHA DAL PUBLIC SCHOOL PATIALA
## Pre Board Examination (10 December 2025)
**Class - X**
**Paper - Punjabi (Set-B)**

**Time: 3 hrs.** **MM: 80**

ਆਮ ਨਿਰਦੇਸ਼:

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚੋਂ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
2. ਬਹੁ-ਵਿਕਲਪੀ ਪ੍ਰਸ਼ਨਾਂ ਦਾ ਉੱਤਰ ਲਿਖਦੇ ਹੋਏ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
3. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਦਰਜ਼ ਕੀਤਾ ਜਾਵੇ।

**ਭਾਗ-I**

=6)

1. ਹੇਠਾਂ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ਼ ਪੜ੍ਹ ਕੇ ਦਿੱਤੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਚੁਣੋ : (6×1=6)

ਮਿੱਟੀ ਦੇ ਘੜੇ ਨੂੰ ਆਵੇ ਵਿੱਚ ਪਕਾਇਆ ਜਾਂਦਾ ਹੈ ਇਹ ਕੱਚਾ ਹੋਵੇ ਜਾਂ ਪੱਕਾ, 'ਘੜੇ' ਦਾ 'ਸ਼ਰੀਕ' ਫਰਿੱਜ ਜਾਂ ਵਾਟਰ-ਕੂਲਰ ਵੀ ਕਿਹਾ ਜਾ ਸਕਦਾ ਹੈ। ਫ਼ਰਿੱਜ ਨਾਲੋਂ ਘੜੇ ਦਾ ਪਾਣੀ ਕਈ ਗੱਲਾਂ ਵਿੱਚ ਉਪਯੋਗੀ ਮੰਨਿਆ ਗਿਆ ਹੈ। ਜੇ ਰਾਤ ਨੂੰ ਭਰੇ ਪਾਣੀ ਦੇ ਘੜੇ ਵਿੱਚੋਂ ਸਵੇਰੇ ਉੱਠਦਿਆਂ ਹੀ ਦੋ-ਤਿੰਨ ਗਲਾਸ ਪਾਣੀ ਦੇ ਪੀ ਲਏ ਜਾਣ ਤਾਂ ਸਰੀਰ ਤੰਦਰੁਸਤ ਰਹਿੰਦਾ ਹੈ। ਵਿਅਕਤੀ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਘੜੇ ਦਾ ਪਾਣੀ ਹਰ ਰੁੱਤ ਵਿੱਚ ਪੀਤਾ ਜਾ ਸਕਦਾ ਹੈ। ਸਰਦੀ ਦੇ ਮੌਸਮ ਵਿੱਚ ਘੜੇ ਦਾ ਪਾਣੀ ਠਾਰ ਭੰਨ ਕੇ ਪੀਤਾ ਜਾ ਸਕਦਾ ਹੈ। ਕਹਿੰਦੇ ਹਨ ਕਿ ਸਾਡਾ ਸਰੀਰ ਪੰਜ ਤੱਤਾਂ : ਮਿੱਟੀ, ਹਵਾ, ਪਾਣੀ, ਅਗਨੀ ਤੇ ਅਕਾਸ਼ ਦਾ ਬਣਿਆ ਹੋਇਆ ਹੈ। ਘੜੇ ਦੇ ਪਾਣੀ ਵਿੱਚ ਇਹ ਸਾਰੇ ਤੱਤ ਸੁਭਾਵਿਕ ਹੀ ਇੱਕ-ਮਿੱਕ ਹੋਏ ਮਿਲਦੇ ਹਨ। ਘੜੇ ਦਾ ਤਾਂ ਜਨਮ ਹੀ ਮਿੱਟੀ ਵਿੱਚੋਂ ਹੁੰਦਾ ਹੈ। ਪਾਣੀ ਨਾਲ਼ ਮਿੱਟੀ ਗੁੰਨ੍ਹ ਕੇ, ਖੁੱਲ੍ਹੇ ਅਕਾਸ਼ ਹੇਠ, ਚੱਕ ਉੱਤੇ ਪੌਣ ਦੇ ਮਿੱਠੇ ਹਿਲੋਰਿਆਂ ਨਾਲ਼ ਕਾਰੀਗਰ ਮਿੱਟੀ ਵਿੱਚ ਜਾਨ ਪਾਉਂਦਾ ਹੈ, ਅਗਨੀ ਘੜੇ ਨੂੰ ਪਕਾਉਂਦੀ ਹੈ। ਕੁਝ ਵੀ ਹੋਵੇ ਘੜੇ ਦਾ ਪਾਣੀ ਤਾਂ ਮਨੁੱਖ ਦੀ ਅੰਤਿਮ ਯਾਤਰਾ ਸਮੇਂ ਵੀ ਸਾਥ ਨਿਭਾਉਂਦਾ ਹੈ। ਘੜਾ ਭੰਨਣਾ ਸਾਡੇ ਸੱਭਿਆਚਾਰ ਵਿੱਚ ਅੰਤਿਮ ਸਮੇਂ ਦੀ ਇੱਕ ਰਸਮ ਵੀ ਹੈ। ਇਸ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਵਿੱਚ ਘੜੇ ਦੀ ਅਹਿਮੀਅਤ ਬਹੁਤ ਹੈ। ਸੋਹਣੀ ਮਹੀਵਾਲ ਦੇ ਕਿੱਸੇ ਵਿੱਚ ਤਾਂ ਘੜਾ ਸਮੁੱਚੇ ਬਿਰਤਾਂਤ ਦੀ ਚੂਲ ਬਣਿਆ ਨਜ਼ਰ ਆਉਂਦਾ ਹੈ। ਸਾਡੀ ਪ੍ਰੀਤ ਗਾਥਾ 'ਸੋਹਣੀ ਮਹੀਂਵਾਲ' ਵਿੱਚ ਉਹਨਾਂ ਦੀ ਪ੍ਰੀਤ ਵੀ ਘੜੇ ਸਹਾਰੇ ਤੋੜ ਚੜ੍ਹਦੀ ਰਹੀ।

ਪ੍ਰਸ਼ਨ (i) ਘੜੇ ਨੂੰ ਕਿੱਥੇ ਪਕਾਇਆ ਜਾਂਦਾ ਹੈ ?
- (ੳ) ਚੁੱਲ੍ਹੇ 'ਤੇ ☐
- (ਅ) ਆਵੇ ਵਿੱਚ ☐
- (ੲ) ਤੰਦੂਰ ਵਿੱਚ ☐
- (ਸ) ਕੋਈ ਵੀ ਨਹੀਂ ☐

ਪ੍ਰਸ਼ਨ (ii) ਕਿਹੜੇ ਮੌਸਮ ਵਿੱਚ ਘੜੇ ਦਾ ਪਾਣੀ ਠਾਰ ਭੰਨ ਕੇ ਪੀਤਾ ਜਾ ਸਕਦਾ ਹੈ ?
- (ੳ) ਗਰਮੀ ਵਿੱਚ ☐
- (ਅ) ਸਰਦੀ ਵਿੱਚ ☐
- (ੲ) ਬਸੰਤ ਰੁੱਤ ਵਿੱਚ ☐
- (ਸ) ਇਨ੍ਹਾਂ ਵਿੱਚੋਂ ਕੋਈ ਨਹੀਂ ☐

ਪ੍ਰਸ਼ਨ (iii) ਸਾਡਾ ਸਰੀਰ ਕਿੰਨੇ ਤੱਤਾਂ ਦਾ ਬਣਿਆ ਹੋਇਆ ਹੈ ?
- (ੳ) ਚਾਰ ☐
- (ਅ) ਤਿੰਨ ☐
- (ੲ) ਸੱਤ ☐
- (ਸ) ਪੰਜ ☐

ਪ੍ਰਸ਼ਨ (iv) ਘੜੇ ਦਾ ਜਨਮ ਕਿਸ ਵਿੱਚੋਂ ਹੁੰਦਾ ਹੈ ?
- (ੳ) ਦੇਹ ਵਿੱਚੋਂ ☐
- (ਅ) ਮਿੱਟੀ ਵਿੱਚੋਂ ☐
- (ੲ) ਸੁਆਹ ਵਿੱਚੋਂ ☐
- (ਸ) ਰੇਤ ਵਿੱਚੋਂ ☐

ਪ੍ਰਸ਼ਨ (v) ਉਪਰੋਕਤ ਪੈਰ੍ਹੇ ਵਿੱਚ ਕਿਹੜੇ ਕਿੱਸੇ ਦਾ ਜ਼ਿਕਰ ਆਇਆ ਹੈ ?
- (ੳ) ਹੀਰ ਰਾਂਝਾ ☐
- (ਅ) ਸੋਹਣੀ ਮਹੀਵਾਲ ☐
- (ੲ) ਸੱਸੀ ਪੁੰਨੂੰ ☐
- (ਸ) ਮਿਰਜ਼ਾ ਸਾਹਿਬਾ ☐

ਪ੍ਰਸ਼ਨ (vi) ਸਾਡੇ ਸੱਭਿਆਚਾਰ ਵਿੱਚ ਘੜੇ ਨਾਲ਼ ਸੰਬੰਧਿਤ ਅੰਤਿਮ ਸਮੇਂ ਦੀ ਰਸਮ ਕਿਹੜੀ ਹੈ ?
- (ੳ) ਘੜਾ ਭੰਨਣਾ ☐
- (ਅ) ਘੜਾ ਚੁੱਕਣਾ ☐
- (ੲ) ਘੜਾ ਭਰਨਾ ☐
- (ਸ) ਘੜਾ ਰੇੜ੍ਹਨਾ ☐

B-1

Scanned with OKEN Scanner

2. ਹੇਠਾਂ ਦਿੱਤੀ ਕਾਵਿ-ਟੁੱਕੜੀ ਨੂੰ ਧਿਆਨ ਨਾਲ਼ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ : (4×1=4)

> ਗਿੱਧਾ-ਕਿੱਕਲੀ ਮੇਰੇ ਬਾਝੋਂ ਕੌਣ ਪਾਊਗਾ ਤੇਰੇ ਵਿਹੜੇ,
> ਸ਼ਗਨਾਂ ਦੇ ਗਾਨੇ ਨਾ ਬੱਝਣੇ ਜੰਞ ਨਾ ਢੁੱਕੂ ਤੇਰੇ ਵਿਹੜੇ।
> ਮੇਰੀ ਹੋਂਦ ਦੇ ਬਾਝੋਂ ਤੇਰੇ, ਰਹਿਣ ਸੁੰਨੇ ਘਰ-ਬਾਰ ਨੀ ਅੰਮੀਏ,
> ਕਿਸ ਨੂੰ ਦੱਸਾਂ ਦਰਦ ਕਹਾਣੀ, ਮੇਰੇ ਦਿਲ ਦੀ ਜਾਣ ਨੀ ਅੰਮੀਏ।

ਪ੍ਰਸ਼ਨ (i) ਗਿੱਧਾ ਕਿੱਕਲੀ ਕਿਨ੍ਹਾਂ ਦੇ ਨਾਚ ਹਨ ?
ਪ੍ਰਸ਼ਨ (ii) ਸ਼ਗਨਾਂ ਦਾ ਗਾਨਾ ਕਦੋਂ ਬੱਝਦਾ ਹੈ ?
ਪ੍ਰਸ਼ਨ (iii) ਜੰਞ ਕਿਸ ਦੇ ਵਿਆਹ ਵਿੱਚ ਢੁੱਕਦੀ ਹੈ ?
ਪ੍ਰਸ਼ਨ (iv) ਉਪਰੋਕਤ ਕਾਵਿ-ਟੁੱਕੜੀ ਵਿੱਚ ਕਿਸ ਦੀ ਹੋਂਦ ਬਾਰੇ ਗੱਲ ਹੋਈ ਹੈ ?

## ਭਾਗ-II : ਵਿਆਕਰਨ

3. **ਸਮਾਸੀ ਸ਼ਬਦ** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) : (2×1=2)

ਪ੍ਰਸ਼ਨ (i) ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਸਮਾਸੀ ਸ਼ਬਦ ਨਹੀਂ ਹੈ ?
(ੳ) ਨਮਕ-ਹਰਾਮ ☐ (ਅ) ਜਿਉਂਦੇ-ਵੱਸਦੇ ☐
(ੲ) ਲੋਕ - ਰਾਜ ☐ (ਸ) ਸੂਰਜ ਦਾ ਗ੍ਰਹਿਣ ☐

ਪ੍ਰਸ਼ਨ (ii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਨਿੰਰਾਰਥਕ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ ?
(ੳ) ਪਾਣੀ-ਧਾਣੀ ☐ (ਅ) ਸਵੇਰੇ-ਸ਼ਾਮ ☐
(ੲ) ਜਲ-ਘਰ ☐ (ਸ) ਕਾਲ਼ੇ-ਪਾਣੀ ☐

ਪ੍ਰਸ਼ਨ (iii) 'ਅਸਮਾਨੀ-ਬਿਜਲੀ' ਸਮਾਸੀ ਸ਼ਬਦ ਲਈ ਠੀਕ ਸ਼ਬਦ-ਸਮੂਹ ਚੁਣੋ :
(ੳ) ਅਸਮਾਨ ਦੇ ਬਿਜਲੀ ☐ (ਅ) ਅਸਮਾਨ ਦੀ ਬਿਜਲੀ ☐
(ੲ) ਬਿਜਲੀ ਅਤੇ ਅਸਮਾਨ ☐ (ਸ) ਬਿਜਲੀ ਦਾ ਅਸਮਾਨ ☐

4. **ਬਹੁ-ਅਰਥਕ ਸ਼ਬਦ** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) : (2×1=2)

ਪ੍ਰਸ਼ਨ (i) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਨਫ਼ਰਤ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀਂ ਹੈ ?
(ੳ) ਘਿਰਣਾ ☐ (ਅ) ਪਿਆਰ ☐
(ੲ) ਜਲਨ ☐ (ਸ) ਕੁੜੱਤਣ ☐

ਪ੍ਰਸ਼ਨ (ii) ਹੇਠ ਲਿਖੇ ਵਾਕ ਵਿਚਲੀਆਂ ਖ਼ਾਲੀ ਥਾਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਚੁਣੋ :
"ਇੱਕ ਤਿਲਕਧਾਰੀ ਦੇ ਹੱਥੋਂ ਜਦੋਂ ਨੌਕਰੀ ਤਿਲ੍ਹਕ ਗਈ ਅਤੇ ਉਹ ਘਬਰਾਇਆ ਹੋਇਆ ਬਜ਼ਾਰ ਵਿੱਚ ਤਿਲ੍ਹਕ ਕੇ ਡਿੱਗ ਪਿਆ।" ਇਸ ਵਾਕ ਵਿੱਚ ਪਹਿਲੀ ਥਾਂ 'ਤੇ ਆਏ ਤਿਲ੍ਹਕ ਦਾ ਕੀ ਮਤਲਬ ਹੈ ?
(ੳ) ਖੁੱਸ ਗਈ ☐ (ਅ) ਚਲੇ ਗਈ ☐
(ੲ) ਪੰਡਿਤ ☐ (ਸ) ਡਿੱਗ ਪਿਆ ☐

ਪ੍ਰਸ਼ਨ (iii) 'ਕਲਮ' ਦਾ ਇੱਕ ਅਰਥ ਹੈ 'ਪੈਨ', ਹੋਰ ਅਰਥ ਹੈ/ਹਨ :
(ੳ) ਦਸਤਖ਼ਤ ☐ (ਅ) ਗੁਲਾਬ ☐
(ੲ) ਖ਼ਿਤਾਬ ☐ (ਸ) ਉਪਰੋਕਤ ਸਾਰੇ ਹੀ ☐

5. **ਕਿਰਿਆ-ਵਿਸ਼ੇਸ਼ਣ** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨ ਹੱਲ ਕਰੋ) : (2×1=2)

ਪ੍ਰਸ਼ਨ (i) ਹੇਠ ਲਿਖੇ ਸ਼ਬਦ-ਸਮੂਹਾਂ ਵਿੱਚੋਂ ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :
(ੳ) ਉੱਪਰ, ਬਾਹਰ, ਦੂਰ ☐ (ਅ) ਇਵੇਂ, ਕਿਵੇਂ, ਅਚਨਚੇਤ ☐
(ੲ) ਜਦੋਂ, ਦੁਪਹਿਰੇ, ਕੁਵੇਲ਼ੇ ☐ (ਸ) ਇੰਨਾ, ਕਿੰਨਾ, ਜਿੰਨਾ ☐

ਪ੍ਰਸ਼ਨ (ii) ਵਿਆਕਰਨ ਅਨੁਸਾਰ ਹੇਠ ਦਿੱਤੇ ਵਿਕਲਪਾਂ ਵਿੱਚੋਂ ਕਿਹੜੀ ਕਿਰਿਆ ਵਿਸ਼ੇਸ਼ਣ ਦੀ ਇੱਕ ਕਿਸਮ ਹੈ ?
(ੳ) ਤਾਕੀਦ-ਵਾਚਕ ☐ (ਅ) ਪੜਨਾਂਵੀ ☐
(ੲ) ਗੁਣ-ਵਾਚਕ ☐ (ਸ) ਇਕੱਠ-ਵਾਚਕ ☐

B-2

Scanned with OKEN Scanner

ਪ੍ਰਸ਼ਨ (iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਰੋਹਨ ਤੇਜ਼ ਦੌੜਦਾ ਹੈ।

(ੳ) ਰੋਹਨ ☐ (ਅ) ਹੈ ☐

(ੲ) ਤੇਜ਼ ☐ (ਸ) ਦੌੜਦਾ ☐

6. ਅਗੇਤਰ-ਪਿਛੇਤਰ : (1+1=2)

ਪ੍ਰਸ਼ਨ (i) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਅਣ, ਕੁ

ਪ੍ਰਸ਼ਨ (ii) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਹਾਰ, ਕਾਰ

7. ਮੁਹਾਵਰੇ : (ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ) (4×1=4)

(i) ਕੱਠਪੁਤਲੀ ਹੋਣਾ (ii) ਖਾਨਾ ਅਬਾਦ ਹੋਣਾ

(iii) ਗੱਲ ਪੱਲੇ ਬੰਨ੍ਹ ਲੈਣਾ (iv) ਚੱਟੀ ਭਰਨੀ

(v) ਜੱਖਣਾ ਪੁੱਟਣੀ (vi) ਝੋਲੀ ਅੱਡਣਾ

## ਭਾਗ-III : ਪ੍ਰਭਾਵਸ਼ਾਲੀ ਲਿਖਣ ਕੌਸ਼ਲ (8+6+4=18)

8. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : (1×8=8)

(i) **ਪੜ੍ਹਾਈ ਵਿੱਚ ਖੇਡਾਂ ਦਾ ਮਹੱਤਵ**

ਪ੍ਰਮੁੱਖ ਨੁਕਤੇ— *ਜਾਣ-ਪਛਾਣ...... ਭਾਰਤ ਦਾ ਵਿਦਿਅਕ ਤੰਤਰ...... ਭਾਰਤ ਦਾ ਇਤਿਹਾਸ...... ਸਰੀਰਕ ਕਸਰਤ...... ਖੇਡਾਂ ਦਾ ਲਾਭ ...... ਪੜ੍ਹਾਈ ਦੇ ਨਾਲ ਖੇਡਾਂ ...... ਅਥਾਹ ਸ਼ਕਤੀ ...... ਖੇਡਾਂ ਤੇ ਅਨੁਸ਼ਾਸਨ।*

(ii) ਇੱਕ ਚੁੱਪ ਸੌ ਸੁਖ

ਪ੍ਰਮੁੱਖ ਨੁਕਤੇ : ਭੂਮਿਕਾ ... ਜ਼ਿਆਦਾ ਬੋਲਣ ਨਾਲ਼ ਮਨ ਵਿੱਚ ਵਿਕਾਰਾਂ ਦਾ ਪੈਦਾ ਹੋਣਾ ... ਚੁੱਪ ਰਹਿਣ ਨਾਲ਼ ਬੋਲੀ ਵਿੱਚ ਮਿਠਾਸ ਆਉਣੀ ... ਬੜਬੋਲੇ ਲੋਕ ਹਮੇਸ਼ਾ ਹੀ ਦੁਖਦਾਈ ... ਮਹਾਂਪੁਰਸ਼ਾਂ ਦੇ ਵਿਚਾਰ ... ਚੁੱਪ ਹਿੰਸਾ ਨੂੰ ਮਾਰਦੀ ਹੈ ... ਸਿੱਟਾ।

ਜਾਂ

(iii) ਸਾਡੀਆਂ ਸਮਾਜਕ ਕੁਰੀਤੀਆਂ

ਪ੍ਰਮੁੱਖ ਨੁਕਤੇ : ਭੂਮਿਕਾ ... ਕੁਰੀਤੀਆਂ ਹੋਂਦ ਵਿੱਚ ਕਿਵੇਂ ਆਈਆਂ ... ਦਾਜ ਦੀ ਕੁਰੀਤੀ ... ਜਾਤ-ਪਾਤ ਇੱਕ ਕੁਰੀਤੀ ... ਭਰੂਣ-ਹੱਤਿਆ ਇੱਕ ਕੁਰੀਤੀ ... ਕੁਝ ਹੋਰ ਕੁਰੀਤੀਆਂ ... ਸਿੱਟਾ।

9. ਪੱਤਰ ਰਚਨਾ : (1×6=6)

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਸ਼ਹਿਰ ਵਿੱਚ ਵੱਧਦੀ ਹੋਈ ਮੰਗਤਿਆਂ ਦੀ ਸਮੱਸਿਆ ਬਾਰੇ ਪੱਤਰ ਲਿਖੋ।

ਨੁਕਤੇ :- ਮੰਗਤਿਆਂ ਬਾਰੇ ---- ਹੱਟੇ ਕੱਟੇ ਲੋਕ ----- ਸਖਤ ਸਜ਼ਾ ----

ਜਾਂ


ਤੁਹਾਡੇ ਪਿਤਾ ਜੀ ਵਿਦੇਸ਼ ਗਏ ਹੋਏ ਹਨ। ਤੁਹਾਡੇ ਮਾਤਾ ਜੀ ਦੀ ਸਿਹਤ ਖ਼ਰਾਬ ਹੋ ਗਈ ਹੈ। ਪਿਤਾ ਜੀ ਨੂੰ ਜਲਦੀ ਘਰ ਪਰਤਣ ਲਈ ਚਿੱਠੀ ਲਿਖੋ।

ਨੁਕਤੇ :— ਮਾਤਾ ਦਾ ਬਿਮਾਰ ਹੋਣਾ, ਡਾਕਟਰ ਵੀ ਫ਼ਿਕਰਮੰਦ, ਸਾਰੇ ਉਦਾਸ ਤੇ ਪਰੇਸ਼ਾਨ, ਵਾਪਸ ਘਰ ਆਵੋ।



Scanned with OKEN Scanner

10. ਹੇਠਾਂ ਦਿੱਤੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਆਪਣੇ ਵਿਚਾਰ 50 ਸ਼ਬਦਾਂ ਵਿੱਚ ਲਿਖੋ : (1×4=4)



ਭਾਗ-IV

11. ਕਹਾਣੀ ਤੇ ਵਾਰਤਕ ਵਿੱਚੋਂ : (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨ ਹੱਲ ਕਰੋ) (5×1=5)

ਪ੍ਰਸ਼ਨ (i) ਜਿਸ ਵਿਅਕਤੀ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੁੰਦਾ, ਉਸ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ? 'ਘਰ ਦਾ ਪਿਆਰ' ਲੇਖ ਦੇ ਆਧਾਰ 'ਤੇ ਦੱਸੋ।

(ੳ) ਹੱਸਮੁਖ ☐ (ਅ) ਖ਼ੁਸ਼-ਮਿਜਾਜ਼ ☐
(ੲ) ਪਿਆਰ ਵਾਲ਼ਾ ☐ (ਸ) ਸੜੀਅਲ ☐

ਪ੍ਰਸ਼ਨ (ii) 'ਬੋਲੀ' ਲੇਖ ਅਨੁਸਾਰ ਅਣਬੋਲਿਆ ਮਨੁੱਖ ਕਿਹੋ ਜਿਹਾ ਹੁੰਦਾ ਹੈ ?

(ੳ) ਸੋਨੇ ਵਰਗਾ ☐ (ਅ) ਸਿੱਕਿਆਂ ਵਰਗਾ ☐
(ੲ) ਬੂਹੇ-ਬੰਦ ਮਕਾਨ ਵਰਗਾ ☐ (ਸ) ਕੱਪੜਿਆਂ ਵਰਗਾ ☐

ਪ੍ਰਸ਼ਨ (iii) 'ਮੇਰੇ ਵੱਡੇ ਵਡੇਰੇ' ਲੇਖ ਅਨੁਸਾਰ ਲੇਖਕ ਦੇ ਦਾਦੇ ਹੁਰੀਂ ਕਿੰਨੇ ਭਰਾ ਸਨ ?

(ੳ) ਤਿੰਨ ☐ (ਅ) ਚਾਰ ☐
(ੲ) ਪੰਜ ☐ (ਸ) ਛੇ ☐

ਪ੍ਰਸ਼ਨ (iv) 'ਕੁਲਫ਼ੀ' ਕਹਾਣੀ ਵਿੱਚ ਲੇਖਕ ਨੇ ਆਪਣੇ ਸਾਥੀ ਤੋਂ ਕਿੰਨੇ ਰੁਪਏ ਉਧਾਰ ਲਏ ਸਨ ?

(ੳ) ਦੋ ☐ (ਅ) ਤਿੰਨ ☐
(ੲ) ਚਾਰ ☐ (ਸ) ਟਕਾ ☐

ਪ੍ਰਸ਼ਨ (v) 'ਧਰਤੀ ਹੇਠਲਾ ਬਲਦ' ਕਹਾਣੀ ਵਿੱਚ ਮਾਨ ਸਿੰਘ ਨੂੰ ਕਰਮ ਸਿੰਘ ਦੀ ਮੌਤ ਬਾਰੇ ਕਿਸ ਤੋਂ ਪਤਾ ਲੱਗਿਆ ?

(ੳ) ਜਸਵੰਤ ਸਿੰਘ ਤੋਂ ☐ (ਅ) ਕਰਮ ਸਿੰਘ ਤੋਂ ☐
(ੲ) ਡਾਕੀਏ ਤੋਂ ☐ (ਸ) ਕਰਮ ਸਿੰਘ ਦੇ ਬੱਚੇ ਤੋਂ ☐

ਪ੍ਰਸ਼ਨ (vi) 'ਅੰਗ-ਸੰਗ' ਕਹਾਣੀ ਵਿੱਚ ਕਰਤਾਰ ਸਿੰਘ ਦੇ ਬਿਮਾਰ ਹੋਣ 'ਤੇ ਅਮਰੀਕ ਸਿੰਘ ਨੂੰ ਕੌਣ ਲੈਣ ਗਿਆ ਸੀ ?

(ੳ) ਮਹਿੰਦਰ ☐ (ਅ) ਮੱਖਣ ਸਿੰਘ ☐
(ੲ) ਸੁਸਾਇਟੀ ਦਾ ਇੰਸਪੈਕਟਰ ☐ (ਸ) ਬੰਸੋ ☐

12. ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨ ਹੱਲ ਕਰੋ) : (5×1=5)

ਪ੍ਰਸ਼ਨ (i) 'ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ' ਸਤਰਾਂ ਕਿਸ ਰਚਨਾ ਵਿੱਚੋਂ ਹਨ ?

(ੳ) ਕਿਰਪਾ ਕਰਿ ਕੈ ਬਖਸਿ ਲੈਹੁ ☐ (ਅ) ਸੋ ਕਿਉ ਮੰਦਾ ਆਖੀਐ ☐
(ੲ) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ☐ (ਸ) ਸਤਿਗੁਰ ਨਾਨਕ ਪ੍ਰਗਟਿਆ ☐

ਪ੍ਰਸ਼ਨ (ii) ਸ਼ਾਹ ਮੁਹੰਮਦ ਦੀ ਰਚਨਾ 'ਜੰਗ ਦਾ ਹਾਲ' ਵਿੱਚ ਆਏ ਸ਼ਬਦ ਮੇਖਜ਼ੀਨਾਂ ਤੋਂ ਕੀ ਭਾਵ ਹੈ ?

(ੳ) ਪਲੀਤਾ ☐ (ਅ) ਸ਼ਸਤਰ-ਘਰ ☐
(ੲ) ਅੰਗਰੇਜ਼ ☐ (ਸ) ਫ਼ੈਸਲਾ ☐

B-4

Scanned with OKEN Scanner

ਪ੍ਰਸ਼ਨ (iii) 'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ' ਸਤਰਾਂ ਵਿੱਚ 'ਭੰਡਿ' ਸ਼ਬਦ ਦੇ ਅਰਥ ਹੇਠ ਲਿਖੇ ਵਿਕਲਪਾਂ ਵਿੱਚੋਂ ਚੁਣੋ :

(ੳ) ਸੰਬੰਧ ▢ (ਅ) ਪਿਆਰ ▢

(ੲ) ਬੰਧਨ ▢ (ਸ) ਇਸਤਰੀ ▢

ਪ੍ਰਸ਼ਨ (iv) "ਮਿਲ ਗਈ ਵੇ ਪੁੱਤ, ਸਿੱਖਿਆ ! ਹੁਣ ਮੇਰੇ ਮਗਰ ਇਹ ਗੱਲ ਨਾ ਪਾ ਦਿਓ।" 'ਦੂਜਾ ਵਿਆਹ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

(ੳ) ਬਲਵੰਤ ਸਿੰਘ ਨੇ ▢ (ਅ) ਸੁਖਦੇਵ ਕੌਰ ਨੇ ▢

(ੲ) ਨਿਹਾਲ ਕੌਰ ਨੇ ▢ (ਸ) ਗੁਰਦਿੱਤ ਸਿੰਘ ਨੇ ▢

ਪ੍ਰਸ਼ਨ (v) 'ਜ਼ਫ਼ਰਨਾਮਾ' ਇਕਾਂਗੀ ਅਨੁਸਾਰ ਕਿਸ ਮੁਗ਼ਲ ਬਾਦਸ਼ਾਹ ਨੇ ਗੁਰੂ ਨਾਨਕ ਦੇਵ ਜੀ ਅੱਗੇ ਆਪਣਾ ਸਿਰ ਝੁਕਾਇਆ ?

(ੳ) ਬਾਬਰ ▢ (ਅ) ਅਸ਼ੋਕ ▢

(ੲ) ਔਰੰਗਜ਼ੇਬ ▢ (ਸ) ਅਕਬਰ ▢

ਪ੍ਰਸ਼ਨ (vi) "ਵਜ਼ੀਰ ਖਾਂ ਨੇ ਗੁਰੂ ਦੇ ਦੋਵੇਂ ਛੋਟੇ ਬੇਟੇ ਜਿਊਂਦੇ ਨੀਹਾਂ ਵਿੱਚ ਚਿਣਵਾ ਕੇ ਮਰਵਾ ਦਿੱਤੇ ਹਨ।" 'ਜ਼ਫ਼ਰਨਾਮਾ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

(ੳ) ਜ਼ੀਨਤ ▢ (ਅ) ਆਸਦ ਖਾਨ ▢

(ੲ) ਔਰੰਗਜ਼ੇਬ ▢ (ਸ) ਬੇਗ਼ਮ ਉਦੇਪੁਰੀ ▢

**13. ਕਹਾਣੀ ਤੇ ਵਾਰਤਕ ਵਿੱਚੋਂ : (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) : (4×1=4)**

(i) 'ਮੇਰੇ ਵੱਡੇ-ਵਡੇਰੇ' ਲੇਖ ਵਿੱਚ ਪ੍ਰਸ਼ਾਦ ਦਾ ਸਾਰਾ ਕੜਾਹਾ ਕਿਨ੍ਹਾਂ ਨੇ ਸਮੇਟ ਛੱਡਿਆ ?

(ii) 'ਬੋਲੀ' ਲੇਖ ਵਿੱਚ ਬੱਚਿਆਂ ਦੀ ਦੁਨੀਆ ਵਿੱਚ ਕਿਹੜਾ ਵਾਧਾ ਕਾਇਮ ਰੱਖਣ ਦੀ ਗੱਲ ਕੀਤੀ ਹੈ ?

(iii) 'ਘਰ ਦਾ ਪਿਆਰ' ਲੇਖ ਅਨੁਸਾਰ ਲੇਖਕ ਜਦੋਂ ਰਾਵਲਪਿੰਡੀ ਪੜ੍ਹਦਾ ਸੀ ਤਾਂ ਕਿਹੜਾ ਦਿਨ ਕੱਟਣ ਆਪਣੇ ਪਿੰਡ ਜਾਂਦਾ ਸੀ ?

(iv) 'ਕਾਕੇ ਦੇ ਠੁੱਡ ਮਾਰਨ ਨਾਲ਼ ਸ਼ਾਹਾਂ ਦਾ ਮੁੰਡਾ ਕਿੱਥੇ ਡਿੱਗ ਪਿਆ ਸੀ ? 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਦੱਸੋ।

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਮਾਨ ਸਿੰਘ ਤਰਨਤਾਰਨ ਕਿਸ ਨਾਲ਼ ਗਿਆ ਸੀ ?

**14. ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) : (7×2=14)**

(i) 'ਅੰਗ-ਸੰਗ' ਕਹਾਣੀ ਵਿੱਚ ਅਮਰੀਕ ਸਿੰਘ ਨੂੰ ਆਪਣਾ ਆਪ ਵੀ ਆਪਣੇ ਪਿਓ ਦੀ ਮੌਤ ਦਾ ਇੱਕ ਕਾਰਨ ਲਗਦਾ ਹੈ। ਤੁਹਾਨੂੰ ਉਸ ਦੀ ਇਹ ਗੱਲ ਕਿੰਨੀ ਕੁ ਸਹੀ ਲੱਗਦੀ ਹੈ ? ਆਪਣੇ ਵਿਚਾਰ ਪ੍ਰਗਟ ਕਰੋ।

(ii) 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਆਪਣੇ ਵਿਚਾਰ ਪਜਟਾਓ ਕਿ ਲੇਖਕ ਇਸ ਕਹਾਣੀ ਰਾਹੀਂ ਕੀ ਸੰਦੇਸ਼ ਦੇਣਾ ਚਾਹੁੰਦਾ ਹੈ ?

(iii) ਤੁਹਾਡੇ ਵਿਚਾਰ ਅਨੁਸਾਰ 'ਧਰਤੀ ਹੇਠਲਾ ਬਲ਼ਦ' ਕਹਾਣੀ ਦਾ ਸਿਰਲੇਖ ਕਿੰਨਾ ਕੁ ਢੁੱਕਵਾਂ ਹੈ ?

(iv) 'ਦੂਜਾ ਵਿਆਹ' ਇਕਾਂਗੀ ਵਿੱਚ ਬਲਵੰਤ ਸਿੰਘ ਵੱਲੋਂ ਦੂਜਾ ਵਿਆਹ ਕਰਵਾਉਣ ਦੀ ਖ਼ਬਰ ਸੁਣ ਕੇ ਮਨਜੀਤ ਆਪਣੀ ਸੱਸ ਨੂੰ ਕਿਵੇਂ ਹੌਂਸਲਾ ਦਿੰਦੀ ਹੈ ?

(v) 'ਜ਼ਫ਼ਰਨਾਮਾ' ਇਕਾਂਗੀ ਦੇ ਕਿਸੇ ਇੱਕ ਪਾਤਰ ਬਾਰੇ ਆਪਣੇ ਸ਼ਬਦਾਂ ਵਿੱਚ ਲਿਖੋ।

(vi) 'ਤੁਰਨ ਦਾ ਹੁਨਰ' ਪਾਠ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ?

(vii) 'ਘਰ ਦਾ ਪਿਆਰ' ਲੇਖ ਅਨੁਸਾਰ ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼-ਪਿਆਰ ਪੈਦਾ ਹੁੰਦਾ ਹੈ। ਤੁਸੀਂ ਲੇਖਕ ਦੀ ਇਸ ਗੱਲ ਨਾਲ਼ ਕਿੰਨੇ ਕੁ ਸਹਿਮਤ ਹੋ ? ਤਰਕ ਸਹਿਤ ਆਪਣੇ ਵਿਚਾਰ ਪ੍ਰਗਟ ਕਰੋ।

(viii) 'ਬੋਲੀ' ਲੇਖ ਅਨੁਸਾਰ ਬੋਲੀ ਤੋਂ ਹੀ ਅਸੀਂ ਮਨੁੱਖੀ ਅਮੀਰੀ ਦਾ ਮੇਚਾ ਲੈ ਸਕਦੇ ਹਾਂ। ਤੁਹਾਡੇ ਵਿਚਾਰ ਅਨੁਸਾਰ ਲੇਖਕ ਦੁਆਰਾ ਆਖੀ ਗਈ ਇਹ ਗੱਲ ਕਿੰਨੀ ਕੁ ਸਹੀ ਹੈ ?



Scanned with OKEN Scanner

: 80

**15.** ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ) : **(2×4=8)**

(i) (ੳ) ਭਾਈ ਗੁਰਦਾਸ ਜੀ ਦੀ ਰਚਨਾ 'ਸਤਿਗੁਰ ਨਾਨਕ ਪ੍ਰਗਟਿਆ' ਦੇ ਆਧਾਰ 'ਤੇ ਦੱਸੋ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਸਿੱਧਾਂ ਦੇ ਆਸਣਾਂ 'ਤੇ ਕੀ ਪ੍ਰਭਾਵ ਪਿਆ ?

ਜਾਂ

(ਅ) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਦਾ ਸਾਰ ਲਿਖੋ।

(ii) (ੳ) 'ਤੁਰਨ ਦਾ ਹੁਨਰ' ਪਾਠ ਅਨੁਸਾਰ ਪੈਦਲ ਤੁਰਿਆਂ ਮਨੁੱਖ ਕੁਦਰਤ ਦੇ ਨੇੜੇ ਕਿਵੇਂ ਹੋ ਜਾਂਦਾ ਹੈ ? ਦਲੀਲਾਂ ਸਹਿਤ ਉੱਤਰ ਦਿਓ।

ਜਾਂ

(ਅ) 'ਪ੍ਰਾਰਥਨਾ' ਲੇਖ ਨੂੰ ਪੜ੍ਹ ਕੇ ਤੁਹਾਨੂੰ ਕੀ ਸਿੱਖਿਆ ਜਾਂ ਸੇਧ ਮਿਲਦੀ ਹੈ ? ਆਪਣੇ ਵਿਚਾਰ ਪ੍ਰਗਟ ਕਰੋ।

**16.** ਇਕਾਂਗੀ ਵਿੱਚੋਂ : (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਲਿਖੋ) **(1×4=4)**

(i) 'ਜ਼ਫ਼ਰਨਾਮਾ' ਵਿੱਚੋਂ ਔਰੰਗਜ਼ੇਬ ਦੀ ਪਾਤਰ ਉਸਾਰੀ ਕਰੋ।

ਜਾਂ

(ii) 'ਦੂਜਾ ਵਿਆਹ' ਇਕਾਂਗੀ ਵਿੱਚ ਨਿਹਾਲ ਕੌਰ, ਮਨਜੀਤ ਨੂੰ ਦੂਜੇ ਵਿਆਹ ਦੀਆਂ ਧਮਕੀਆਂ ਕਿਉਂ ਦਿੰਦੀ ਰਹਿੰਦੀ ਹੈ ? ਕੀ ਉਸ ਦਾ ਇੰਞ ਧਮਕੀਆਂ ਦੇਣਾ ਜਾਇਜ਼ ਹੈ ? ਆਪਣੇ ਵਿਚਾਰ ਪ੍ਰਗਟ ਕਰੋ।

B-6

Scanned with OKEN Scanner